ਅਧਿ- ਅਸ਼ੂਗੀ
ਮਿਤੀ - ਬਧਾ

ਪੰਜਾਬ ਸਰਕਾਰ
ਰੱਖਿਆ ਸੇਵਾਵਾਂ ਭਲਾਈ ਵਿਭਾਗ
(ਰੱਖਿਆ ਸੇਵਾਵਾਂ ਭਲਾਈ ਸ਼ਾਖਾ)

ਵਿਸ਼ਾ:-ਰੱਖਿਆ ਸੇਵਾਵਾਂ ਭਲਾਈ ਵਿਭਾਗ ਦੇ ਕਰਮਚਾਰੀਆਂ ਦੀਆਂ ਬਦਲੀਆਂ ਅਤੇ ਤੈਨਾਤੀਆਂ ਲਈ ਤਬਾਦਲਾ ਨੀਤੀ-2018

ਵਿਸ਼ੇ ਅੰਕਿਤ ਮਾਮਲੇ ਸਬੰਧੀ ਰੱਖਿਆ ਸੇਵਾਵਾਂ ਭਲਾਈ ਵਿਭਾਗ ਵੱਲੋਂ ਜਾਰੀ ਕੀਤੇ ਜਾਣ ਵਾਲੀ ਤਬਾਦਲਾ ਨੀਤੀ ਦਾ ਖਰੜਾ ਨਾਲ ਨੱਥੀ ਕਰਦੇ ਹੋਏ, ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਬੰਧੀ ਜੇਕਰ ਕੋਈ ਟਿਪਣੀ ਅਤੇ ਸੁਝਾਵ ਹੋਣ ਤਾਂ 15 ਦਿਨਾਂ ਦੇ ਅੰਦਰ-ਅੰਦਰ ਇਸ ਸ਼ਾਖਾ ਨੂੰ ਭੇਜਣ ਦੀ ਖੇਚਲ ਕੀਤੀ ਜਾਵੇ।

ਸਹੀ/-
ਅਧੀਨ ਸਕੱਤਰ

ਪਿੱਠ ਅੰਕਣ ਨੰ:1/14/2015/-1ਰਭ /21483/2 ਮਿਤੀ, ਚੰਡੀਗੜ੍ਹ: 19/5/18

1. ਇਸ ਕੀ ਇੱਕ ਕਾਪੀ Incharge, TCS, ਪੰਜਾਬ ਸਿਵਲ ਸਕੱਤਰੇਤ-II ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਨੂੰ ਅੱਜ ਹੀ ਵੈਬਸਾਈਟ ਤੇ ਅਪਲੋਡ ਕਰਦੇ ਹੋਏ ਸ਼ਾਖਾ ਨੂੰ ਸੂਚਿਤ ਕੀਤਾ ਜਾਵੇ।

2. ਡਾਇਰੈਕਟਰ ਰੱਖਿਆ ਸੇਵਾਵਾਂ ਭਲਾਈ ਵਿਭਾਗ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਨੂੰ ਅੱਜ ਹੀ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕਰਦੇ ਇਸ ਦੀ ਸੂਚਨਾਂ ਸਰਕਾਰ ਨੂੰ ਭੇਜੀ ਜਾਵੇ।

ਅਧੀਨ ਸਕੱਤਰ

ਨੰ:1/14/2015/-1ਰਭ/

ਪੰਜਾਬ ਸਰਕਾਰ

ਰੱਖਿਆ ਸੇਵਾਵਾਂ ਭਲਾਈ ਵਿਭਾਗ

ਰੱਖਿਆ ਸੇਵਾਵਾਂ ਭਲਾਈ ਸ਼ਾਖਾ

ਮਿਤੀ,ਚੰਡੀਗੜ੍ਹ:

ਸੇਵਾ ਵਿਖੇ,

1.ਡਾਇਰੈਕਟਰ ਰੱਖਿਆ ਸੇਵਾਵਾਂ ਭਲਾਈ ਵਿਭਾਗ, ਪੰਜਾਬ,ਚੰਡੀਗੜ੍ਹ।

2.ਮੈਨੈਜਿੰ ਗ ਡਾਇਰੈਕਟਰ ਪੈਸਕੋ,ਚੰਡੀਗੜ੍ਹ।

ਵਿਸ਼ਾ:- ਰੱਖਿਆ ਸੇਵਾਵਾਂ ਭਲਾਈ ਵਿਭਾਗ ਦੇ ਕਰਮਚਾਰੀਆਂ ਦੀਆਂ ਬਦਲੀਆਂ ਅਤੇ ਤੈਨਾਤੀਆਂ ਲਈ ਤਬਾਦਲਾ ਨੀਤੀ-2018।

ਉਪਰੋਕਤ ਵਿਸ਼ੇ ਤੇ ਮੰਤਰੀ ਪ੍ਰੀਸ਼ਦ ਦੀ ਮਿਤੀ 07.03.2018 ਨੂੰ ਹੋਈ ਮੀਟਿੰਗ ਵਿੱਚ ਲਏ ਗਏ ਫੈਸਲੇ ਵਿੱਚ ਰਾਜ ਸਰਕਾਰ ਦੇ ਸਮੂਹ ਵਿਭਾਗਾਂ ਨੂੰ ਇੱਕ ਤਬਾਦਲਾ ਨੀਤੀ ਤਿਆਰ ਕਰਨ ਦੇ ਨਿਰਦੇਸ਼ਾਂ ਦੇ ਸਨਮੁੱਖ ਰੱਖਿਆ ਸੇਵਾਵਾਂ ਭਲਾਈ ਵਿਭਾਗ ਵਿੱਚ ਬਦਲੀਆਂ ਕਰਨ ਸਬੰਧੀ ਵਿਸਤਰਿਤ ਅਗਵਾਈ ਲੀਹਾ ਹੇਠ ਅਨੁਸਾਰ ਹੋਣਗੀਆਂ ਅਤੇ ਤੈਨਾਤੀਆਂ ਦਾ ਸਮਾਂ ਮਿਤੀ 01.05.2018 ਤੋਂ 31.05.2018 ਤੱਕ ਹੋਵੇਗਾ:-

ੳ). ਕਰਮਚਾਰੀਆ ਦੀਆਂ ਬਦਲੀਆਂ ਨੂੰ ਘੱਟ ਕਰਨ ਦਾ ਫੈਸਲਾ ਕੀਤਾ ਗਿਆ ਸਿਵਾਏ ਉਨ੍ਹਾ ਕੇਸਾਂ ਦੇ ਜਿਥੇ ਅਨੁਸਾਸਨੀ ਕਾਰਵਾਈ/ਕ੍ਰੀਮੀਨਲ ਕੇਸਾ ਜਾਂ ਕਰਮਚਾਰੀਆਂ ਦੀਆਂ ਮੁਸਕਿਲਾਂ/ਤਰਸਯੋਗ ਹਾਲਾਤਾਂ ਕਾਰਨ ਬਦਲੀਆਂ ਕਰਨ ਦੀ ਉਚਿਤਤਾ ਹੋਵੇ।

ਅ). ਉਨ੍ਹਾਂ ਕੇਸਾਂ ਵਿੱਚ ਜਿੱਥੇ ਪਤੀ-ਪਤਨੀ ਦੋਵੇਂ ਸਰਕਾਰੀ ਸੇਵਾ ਵਿੱਚ ਹੋਣ, ਉਨ੍ਹਾਂ ਨੂੰ ਜਿੱਥੇ ਤੱਕ ਸੰਭਵ ਹੋਵੇ, ਇਕੋ ਸਟੇਸ਼ਨ ਤੇ ਰੱਖਿਆ ਜਾਵੇ। ਅੰਗਹੀਣ ਅਤੇ ਨੇਤਰਹੀਣ ਕਰਮਚਾਰੀਆਂ ਅਤੇ ਵਿਧਵਾਵਾਂ ਨੂੰ ਉਨ੍ਹਾ ਦੇ ਸੁਵਿਧਾਜਨਕ ਸਥਾਨਾਂ ਤੇ ਬਦਲੀਆਂ ਅਤੇ ਤੈਨਾਤੀਆਂ ਕਰਨ ਸਮੇਂ ਕਪਲ ਕੇਸਾਂ ਤੋਂ ਉਪਰ ਤਰਜੀਹ ਦਿੱਤੀ ਜਾਵੇ।

ੲ). ਕਿਸੇ ਵੀ ਕਰਮਚਾਰੀ ਦੀ ਬਦਲੀ ਉਸ ਦੀ ਇਕ ਸਥਾਨ ਤੇ ਹੋਈ ਨਿਯੁਕਤੀ ਤੋਂ ਇੱਕ ਸਾਲ ਦਾ ਸਮਾਂ ਬੀਤ ਜਾਣ ਉਪਰੰਤ ਕੀਤੀ ਜਾਵੇਗੀ। ਪ੍ਰੰਤੂ ਪ੍ਰਬੰਧਕੀ ਹਿਤਾਂ ਨੂੰ ਮੁੱਖ ਰੱਖਦੇ ਹੋਏ ਅਤੇ ਕਾਰਣ ਦਸਦੇ ਹੋਏ, ਇੱਕ ਸਾਲ ਤੋਂ ਪਹਿਲਾਂ ਵੀ ਵਿਭਾਗ ਵੱਲੋਂ ਬਦਲੀ ਕੀਤੀ ਜਾ ਸਕਦੀ ਹੈ।

ਸ). ਜਿਨ੍ਹਾ ਕਰਮਚਾਰੀਆ ਦੀ ਬਦਲੀਆਂ ਰਾਜ ਵਿੱਚ ਕਿਤੇ ਵੀ ਕੀਤੀਆਂ ਜਾ ਸਕਦੀਆਂ ਹੋਣ,ਖਾਸ ਕਰਕੇ ਗਰੁੱਪ ਏ ਅਤੇ ਬੀ ਅਧਿਕਾਰੀਆ ਦੀ ਸਮੁੱਚੀ ਸੇਵਾ ਦੋਰਾਨ ਇਕ ਜਿਲੇ ਵਿੱਚ 7 ਸਾਲ ਤੋਂ ਜਿਆਦਾ ਸਮੇਂ ਲਈ ਸੇਵਾ ਨਾ ਕਰਨ ਦਿੱਤੀ ਜਾਵੇ।

ਹ). 58 ਸਾਲ ਦੀ ਉਮਰ ਹੋਣ ਤੇ ਇਕ ਸਾਲ ਪਹਿਲਾਂ ਤੱਕ ਅਧਿਕਾਰੀ ਆਪਣੀ ਚਾਹਵਾਨ ਪੋਸਟਿੰਗ ਲਈ ਦਰਖਾਸਤ ਦੇ ਸਕਦੇ ਹਨ। ਵਿਭਾਗ ਵੱਲੋਂ ਇਹਨਾਂ ਦਰਖਾਸਤਾਂ ਨੂੰ, ਜਿਥੋਂ ਤੱਕ ਸੰਭਵ ਹੋ

ਸਕੇ, ਗੌਰ ਕੀਤਾ ਜਾਣਾ ਚਾਹੀਦਾ ਹੈ। ਪ੍ਰੰਤੂ ਇਹ ਕਿਸੇ ਕਿਸਮ ਦਾ ਹੱਕ ਨਹੀਂ ਹੋਵੇਗਾ। ਪਰ, ਇਹ ਸ਼ਰਤ ਰੱਖੀ ਜਾਂਦੀ ਹੈ ਕਿ ਇਹ ਅਧਿਕਾਰੀ/ਕਰਮਚਾਰੀ ਇਕਰਾਰ ਨਾਮ ਦੇਣਗੇ ਕਿ ਉਹ 58 ਸਾਲ ਦੀ ਉਮਰ ਤੋਂ ਬਾਅਦ ਸੇਵਾ ਵਿੱਚ ਵਾਧਾ ਨਹੀਂ ਲੈਣਗੇ।

2. ਆਮ ਬਦਲੀਆਂ ਦਾ ਸਮਾਂ ਲੰਘ ਜਾਣ ਤੇ ਬਦਲੀਆਂ ਤੇ ਮੁਕੰਮਲ ਪਾਬੰਦੀ ਹੋਵੇਗੀ ਪ੍ਰੰਤੂ ਕਿਸੇ ਕਰਮਚਾਰੀ ਦੀ ਮੌਤ ਹੋਣ ਤੇ, ਆਪਸੀ ਸਹਿਮਤੀ (Mutual Consent) ਰਾਹੀਂ ਟਰਾਂਸਫਰ ਅਤੇ ਰਿਟਾਇਰਮੈਂਟ ਜਾਂ ਡਿਸਮਿਸਲ/ਸਸਪੈਂਨਸ਼ਨ ਹੋਣ ਕਾਰਨ ਖਾਲੀ ਹੋਈ ਅਸਾਮੀ ਲਈ ਪ੍ਰਬੰਧਕੀ ਵਿਭਾਗ ਕੋਲ ਬਦਲੀ ਕਰਨ ਦੇ ਹੱਕ ਹੋਣਗੇ।

3. ਇਨ੍ਹਾਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ਅਤੇ ਕਿਸੇ ਕਿਸਮ ਦੀ ਉਲੰਘਣਾ ਵਿੱਚ ਨਿੱਜੀ ਜਿੰਮੇਵਾਰੀ ਸਬੰਧਤ ਵਿਭਾਗ/ਕਾਰਪੋਰੇਸ਼ਨ ਦੇ ਮੁਖੀ ਦੀ ਹੋਵੇਗੀ।

ਅਧੀਨ ਸਕੱਤਰ

ਇਸ ਦਾ ਇੱਕ ਉਤਾਰ ਸੁਪਰਡੰਟ, ਮੰਤਰੀ ਮੰਡਲ ਸ਼ਾਖਾ ਦੇ ਅੰ:ਵਿ:ਪ:ਨੰ: 01/37/2018/-1ਕੈਬੀਨੇਟ/902 ਮਿਤੀ:-09.03.2018 ਦੇ ਹਵਾਲੇ ਵਿੱਚ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ

ਸੇਵਾ ਵਿਖੇ,

ਸੁਪਰਡੰਟ
ਮੰਤਰੀ ਮੰਡਲ ਸ਼ਾਖਾ

ਅੰ:ਵਿ:ਪ:ਨੰ:1/14/2015/1ਰਭ/ ਮਿਤੀ,ਚੰਡੀਗੜ੍ਹ:

ਇੱਸ ਦਾ ਇਕ ਉਤਾਰ ਹੇਠ ਲਿਖਿਆ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ:-

1. ਨਿੱਜੀ ਸਕੱਤਰ/ਸਕੱਤਰ ਰੱਖਿਆ ਸੇਵਾਵਾ ਭਲਾਈ ਵਿਭਾਗ।

ਅਧੀਨ ਸਕੱਤਰ